*2019 ਨੂੰ ਜਲ੍ਹਿਆਂਵਾਲੇ ਬਾਗ (13 ਅਪ੍ਰੈਲ 1919) ਦੇ ਸਾਕੇ ਨੂੰ 100 ਸਾਲ ਹੋ ਗਿਆ। ਅਸੀਂ ਪੰਜਾਬ ਅਤੇ ਦੇਸ਼ਾਂ ਵਿਦੇਸ਼ਾਂ ਵਿੱਚ ਵਸਦੇ ਭਾਰਤੀ ਦੇਸ਼ ਲਈ ਜਾਨਾਂ ਵਾਰਨ ਵਾਲੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹਾਂ।*

ਜਲ੍ਹਿਆਂਵਾਲਾ ਬਾਗ ਹੱਤਿਆ ਕਾਂਡ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੇ ਨਜ਼ਦੀਕ ਜਲ੍ਹਿਆਂਵਾਲੇ ਬਾਗ ਵਿੱਚ 13 ਅਪਰੈਲ 1919 ਨੂੰ ਵਿਸਾਖੀ ਵਾਲੇ ਦਿਨ ਹੋਇਆ ਸੀ । ਉਥੇ ਰੌਲਟ ਐਕਟ ਦਾ ਵਿਰੋਧ ਕਰਨ ਲਈ ਇੱਕ ਸਭਾ ਹੋ ਰਹੀ ਸੀ। ਜਿਸ ਵਿੱਚ ਮੌਜੂਦ ਇਕੱਠ ਉੱਤੇ ਜਨਰਲ ਡਾਇਰ ਨਾਮਕ ਇੱਕ ਅੰਗਰੇਜ਼ ਅਧਿਕਾਰੀ ਨੇ ਗੋਲੀ ਚਲਾਉਣ ਦਾ ਹੁਕਮ ਦਿੱਤਾ ਸੀ ।



ਪਿਛੋਕੜ ....13 ਅਪਰੈਲ ਦੀ ਘਟਨਾ ਦਾ ਇਤਿਹਾਸਕ ਪਿਛੋਕੜ ਅੰਗਰੇਜ਼ਾਂ ਦੀਆਂ ਭਾਰਤ ਵਿਰੋਧੀ ਨੀਤੀਆਂ ਸਨ। ਜਿਨ੍ਹਾਂ ਵਿੱਚੋਂ ਮੁੱਖ ਰੌਲਟ ਐਕਟ ਸੀ। ਰੌਲਟਐਕਟ ਅੰਗਰੇਜ਼ਾਂ ਦੁਆਰਾ ਜਸਟਿਸ ਸਿਡਨੀ ਰੌਲਟ ਦੀ ਅਗਵਾਈ ਵਿੱਚ ਸਥਾਪਿਤ ਕੀਤੇ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਆਧਾਰ ਤੇ ਪਾਸ ਕੀਤਾ ਗਿਆ ਸੀ। ਇਸ ਕਮਿਸ਼ਨ ਨੂੰ ਅੰਗਰੇਜ਼ਾਂ ਨੇ

ਅਰਾਜਕਤਾਵਾਦੀ ਅਤੇ ਕ੍ਰਾਂਤੀਕਾਰੀ ਜ਼ੁਲਮਾਂ ਦੀ ਛਾਣਬੀਣ ਕਰਕੇ ਉਨ੍ਹਾਂ ਨੂੰ ਰੋਕਣ ਦੇ ਮਕਸਦ ਨਾਲ ਤਿਆਰ ਕੀਤਾ ਸੀ। ਅੰਗਰੇਜ਼ ਸਰਕਾਰ ਦੀ ਨਿਗ੍ਹਾ ਵਿੱਚ ਦੇਸ਼ -ਭਗਤਾਂ ਦੀਆਂ ਆਪਣੇ ਮੁਲਕ ਨੂੰ ਆਜ਼ਾਦ ਕਰਵਾਉਣ ਲਈ ਕੀਤੀਆਂ ਗਤੀਵਿਧੀਆਂ ਜੁਰਮ ਸਨ। ਇਸ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਆਧਾਰਿਤ 6 ਫਰਵਰੀ 1919 ਨੂੰ ਇੰਪੀਰੀਅਲ ਲੈਜਿਸਲੇਟਿਵ ਕੌਂਸਲ ਵਿੱਚ ਸਰਕਾਰ ਵੱਲੋਂ ਦੋ ਬਿੱਲ ਪਾਸ ਕੀਤੇ ਉਨ੍ਹਾਂ ਵਿੱਚੋਂ ਇੱਕ ਬਿੱਲ ਆਜਾਕਰਤਾਵਾਦੀ ਅਤੇ ਕ੍ਰਾਂਤੀਕਾਰੀ ਜ਼ੁਲਮ ਐਕਟ ਦੇ ਨਾਮ ਹੇਠ ਭਾਰਤੀ ਮੈਂਬਰਾਂ ਦੇ ਵਿਰੋਧ ਦੇ ਬਾਵਜੂਦ 18 ਮਾਰਚ 1919 ਨੂੰ ਪਾਸ ਕਰ ਦਿੱਤਾ ਗਿਆ।

ਇਸ ਕਾਨੂੰਨ ਰਾਹੀਂ ਅੰਗਰੇਜ਼ਾਂ ਨੂੰ ਆਪਣੇ ਵਿਰੁੱਧ ਵਿੱਚ ਉੱਠ ਰਹੀ ਜਾਂ ਉੱਠ ਸਕਦੀ ਕਿਸੇ ਵੀ ਆਵਾਜ਼ ਨੂੰ ਕੁਚਲਣ ਦੀ ਅਥਾਹ ਸ਼ਕਤੀ ਮਿਲ ਗਈ ਸੀ। ਰੌਲਟ ਐਕਟ ਵਿਰੁੱਧ ਸੰਘਰਸ਼ ਦਾ ਆਰੰਭ 19 ਫਰਵਰੀ 1919 ਨੂੰ ਬੰਦੇ ਮਾਤਰਮ ਹਾਲ ਵਿੱਚ ਲਾਲਾ ਕਨ੍ਹੱਈਆ ਲਾਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਤੋਂ ਮੰਨਿਆ ਜਾ ਸਕਦਾ ਹੈ। ਮੀਟਿੰਗ ਵਿੱਚ ਬਦਰੁਲ ਇਸਲਾਮ ਨੇ ਰੌਲਟ ਐਕਟ ਦੇ ਵਿਰੁੱਧ ਮਤਾ ਪਾਸ ਕੀਤਾ ਅਤੇ ਦੋ ਲੱਖ ਅੰਗਰੇਜ਼ਾਂ ਦੁਆਰਾ ਤੀਹ ਕਰੋੜ ਭਾਰਤੀਆਂ 'ਤੇ ਰਾਜ ਕਰਨ ਦੀ ਸਥਿਤੀ ਦਾ ਜ਼ਿਕਰ ਕਰਦਿਆਂ ਦੇਸ਼ ਦੀ ਆਜ਼ਾਦੀ ਦੀ ਗੱਲ ਕੀਤੀ। ਇਸ ਤੋਂ ਬਾਅਦ 23 ਮਾਰਚ ਅਤੇ 29 ਮਾਰਚ ਦੀਆਂ ਮੀਟਿੰਗਾਂ ਵਿੱਚ 30 ਮਾਰਚ ਨੂੰ ਹੜਤਾਲ ਕਰਨ ਦਾ ਫੈਸਲਾ ਕੀਤਾ ਗਿਆ। 30 ਮਾਰਚ ਨੂੰ ਲੋਕਾਂ ਨੇ ਕੰਮ ਬੰਦ ਰੱਖਿਆ ਅਤੇ ਵਰਤ ਰੱਖਿਆ। ਜ਼ਿਲ੍ਹਿਆਂਵਾਲਾ ਬਾਗ਼ ਵਿੱਚ ਵੀ ਇਸ ਦਿਨ ਸੈਫ-ਉਦ ਦੀਨ ਕਿਚਲੂ ਦੀ ਪ੍ਰਧਾਨਗੀ ਵਿੱਚ ਜਲਸਾ ਹੋਇਆ। ਅੰਮ੍ਰਿਤਸਰ ਦੇ ਡਾਕਟਰ ਸੱਤਿਆਪਾਲ ਅਤੇ ਡਾ ਸੈਫ-ਉਦ-ਦੀਨ ਕਿਚਲੂ ਜਲੂਸ ਜਲਸਿਆਂ ਵਿੱਚ ਬੋਲਣ ਦੀ ਮਨਾਹੀ ਦੇ ਬਾਵਜੂਦ ਬੋਲੇ ਅਤੇ 6 ਅਪਰੈਲ ਦੀ ਹੜਤਾਲ ਦਾ ਫੈਸਲਾ ਕੀਤਾ ਗਿਆ।

6 ਅਪਰੈਲ ਦੀ ਹੜਤਾਲ ਤੋਂ ਬਾਅਦ ਰੌਲਟ ਐਕਟਨੂੰ ਵਾਪਸ ਕਰਵਾਉਣ ਲਈ ਮਤਾ ਪਾਸ ਕੀਤਾ ਗਿਆ।ਡਿਪਟੀ ਕਮਿਸ਼ਨਰ ਨੇ ਲਾਹੌਰ ਡਿਵੀਜ਼ਨ ਦੇ ਕਮਿਸ਼ਨਰ ਮਿਸਟਰ ਕਿਚਨ ਨੂੰ ਤੁਰੰਤ ਫੌਜ ਦੀ ਨਫਰੀ ਵਧਾਉਣ ਦੀ ਮੰਗ ਕੀਤੀ ਗਈ 9 ਅਪ੍ਰੈਲ ਨੂੰ ਅੰਮ੍ਰਿਤਸਰ ਵਿਖੇ ਰਾਮ ਨੌਮੀ ਦੇ ਮੌਕੇ ਇੱਕ ਵਿਸ਼ਾਲ ਜਲੂਸ ਕੱਢਿਆ ਗਿਆ। ਇਸ ਜਲੂਸ ਵਿੱਚ 'ਮਹਾਤਮਾ ਗਾਂਧੀ ਕੀ ਜੈ 'ਕਿਚਲੂ ਕੀ ਜੈ' ਸੱਤਿਆਪਾਲ ਕੀ ਜੈ' ਦੇ ਨਾਅਰੇ ਲਗਾਏ ਗਏ।ਅਗਲੇ ਦਿਨ ਡਾਕਟਰ ਕਿਚਲੂ ਅਤੇ ਡਾਕਟਰ ਸੱਤਿਆਪਾਲ ਨੂੰ ਗ੍ਰਿਫਤਾਰ ਕਰਕੇ ਅੰਮ੍ਰਿਤਸਰ ਤੋਂ ਬਾਹਰ ਧਰਮਸ਼ਾਲਾ ਭੇਜ ਦਿੱਤਾ ਗਿਆ।ਇਸ ਗ੍ਰਿਫ਼ਤਾਰੀ ਦੀ ਖ਼ਬਰ ਸ਼ਹਿਰ ਵਿੱਚ ਅੱਗ ਵਾਂਗ ਫੈਲ ਗਈ। ਰੋਸ ਵਜੋਂ ਦੁਕਾਨਾਂ ਅਤੇ ਵਪਾਰਕ ਅਦਾਰੇ ਬੰਦ ਹੋ ਗਏ।ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਡਾ:ਸੱਤਿਆਪਾਲ ਅਤੇ ਡਾ :ਕਿਚਲੂ ਦੀ ਰਿਹਾਈ ਦੀ ਮੰਗ ਕਰਨ ਲੱਗੇ।ਇਸ ਦਿਨ ਵੀ ਪੁਲਿਸ ਨੇ ਗੋਲੀ ਚਲਾਈ ਅਤੇ ਵੀਹ ਦੇ ਕਰੀਬ ਲੋਕਾਂ ਦੀ ਮੌਤ ਹੋਈ, ਅਨੇਕਾਂ ਜ਼ਖ਼ਮੀ ਹੋਏ।ਜ਼ਖ਼ਮੀਆਂ ਦੀ ਮੱਲ੍ਹਮ-ਪੱਟੀ ਦਾ ਵੀ ਕੋਈ ਖਿਆਲ ਨਹੀਂ ਰੱਖਿਆ ਗਿਆ।



ਇਸ 10 ਅਪਰੈਲ ਦੀ ਘਟਨਾ ਤੋਂ ਬਾਅਦ ਅਗਲੇ ਦਿਨ 11 ਅਪਰੈਲ ਸ਼ਾਮ ਨੂੰ ਜਲੰਧਰ ਤੋਂ ਬ੍ਰਿਗੇਡੀਅਰ ਜਨਰਲ ਡਾਇਰ ਦੀ ਅਗਵਾਈ ਵਿੱਚ ਅੰਮ੍ਰਿਤਸਰ ਸ਼ਹਿਰ ਫੌਜ ਦੇ ਹਵਾਲੇ ਕਰ ਦਿੱਤਾ ।ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਅਡਵਾਇਰ ਵੱਲੋਂ ਮਾਰਸ਼ਲ ਲਾਅ ਲਾਗੂ ਕਰ ਦਿੱਤਾ ਗਿਆ ।ਇਸ ਤਰ੍ਹਾਂ ਦੇ ਇਕੱਠ ਅਤੇ ਜਲੂਸ ਕਰਨ ਤੇ ਪਾਬੰਦੀ ਲਗਾ ਦਿੱਤੀ ਗਈ ਅਤੇ ਗੋਲੀ ਚਲਾਉਣ ਦੇ ਹੁਕਮ ਹੋ ਗਏ।

12 ਅਪਰੈਲ ਨੂੰ ਡਾਇਰ ਦੀ ਅਗਵਾਈ ਵਿੱਚ ਫ਼ੌਜ ਵਲੋਂ ਸ਼ਹਿਰ ਵਿੱਚ ਫਲੈਗ ਮਾਰਚ ਕੀਤਾ। ਚੌਧਰੀ ਬੁੱਗਾ ਮੱਲ ਅਤੇ ਦੀਨਾ ਨਾਥ ਸਮੇਤ ਬਾਰਾਂ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ।

13 ਅਪ੍ਰੈਲ ਵਿਸਾਖੀ ਵਾਲੇ ਦਿਨ ਆਲੇ ਦੁਆਲੇ ਦੇ ਪਿੰਡਾਂ ਤੋਂ ਆਉਣ ਤੋਂ ਵਰਜਣ ਲਈ ਅੰਮ੍ਰਿਤਸਰ ਦੇ ਨੇੜਲੇ ਸਟੇਸ਼ਨਾਂ ਤੋਂ ਰੇਲ ਗੱਡੀ ਲਈ ਥਰਡ ਕਲਾਸ ਦੀਆਂ ਟਿਕਟਾਂ ਦੀ ਵਿਕਰੀ ਰੋਕ ਦਿੱਤੀ ਗਈ ।ਪਿਛਲੀ ਰਾਤ ਤੋਂ ਹੀ ਸ਼ਹਿਰ ਵਿੱਚ ਕਰਫਿਊ ਲਗਾ ਦਿੱਤਾ ਗਿਆ ,ਦੇਖਦੇ ਸਾਰ ਗੋਲੀ ਦੇ ਹੁਕਮ ਮੁਨਾਦੀ ਰਾਹੀਂ ਕਰ ਦਿੱਤੇ ਗਏ ।ਸ਼ਹਿਰ ਵਿੱਚੋਂ ਬਿਨਾਂ ਪਾਸ ਤੋਂ ਅੰਮ੍ਰਿਤਸਰ ਤੋਂ ਬਾਹਰ ਜਾਣਾ ਬੰਦ ਕਰ ਦਿੱਤਾ। ਸਰਕਾਰੀ ਮਨਾਹੀ ਤੋਂ ਬਾਅਦ ਗੁਰਾਂਦਿੱਤਾ ਅਤੇ ਹਲਵਾਈ ਬੱਲੋ ਦੁਆਰਾ ਇੱਕ ਹੋਰ ਮੁਨਾਦੀ ਰਾਹੀਂ ਸ਼ਾਮ ਨੂੰ ਚਾਰ ਵਜੇ ਜਲ੍ਹਿਆਂਵਾਲਾ ਬਾਗ ਇਕੱਤਰਤ ਹੋਣ ਦਾ ਸੱਦਾ ਦਿੱਤਾ ।ਜਿਸ ਵਿੱਚ ਡਾਕਟਰ ਸੱਤਿਆਪਾਲ ਅਤੇ ਡਾਕਟਰ ਕਿਚਲੂ ਦੀ ਰਿਹਾਈ ਅਤੇ ਰੋ◌ੋ◌ੌਲਟ ਐ◌ੈਕਟ ਦੀ ਵਾਪਸੀ ਦੀ ਮੰਗ ਕੀਤੀ ਗਈ।



303 ਬੰਦੂਕਾਂ ਨਾਲ ਲੈੱਸ ਫ਼ੌਜ ਦੀ ਟੁਕੜੀ ਅਤੇ ਮਸ਼ੀਨ ਗੰਨਾਂ ਵਾਲੀਆਂ ਦੋ ਆਰਮਰਡ ਕਾਰਾਂ ਨਾਲ ਲੈ ਕੇ ਡਾਇਰ ਜਲ੍ਹਿਆਂਵਾਲੇ ਬਾਗ ਪਹੁੰਚਿਆ ।ਸਟੇਜ 'ਤੇ ਡਾਕਟਰ ਕਿਚਲੂ ਦੀ ਤਸਵੀਰ ਪਈ ਸੀ । 'ਵਕਤ' ਅਖ਼ਬਾਰ ਦੇ ਐਡੀਟਰ ਦੁਰਗਾ ਦਾਸ ਵੈਦ ਇੱਕ ਮਤਾ ਪੇਸ਼ ਕਰ ਰਹੇ ਸਨ । ਸ਼ਾਮ 5:15ਵਜੇ ਜਨਰਲ ਡਾਇਰ ਦੇ ਹੁਕਮ ਅਨੁਸਾਰ ਲੋਕਾਂ ਨੂੰ ਮਾਰਨ ਲਈ ਸਿੱਧੀਆਂ ਗੋਲੀਆਂ ਚਲਾਈਆਂ। ਜਿੱਧਰ ਲੋਕ ਵਧ ਸਨ,ਉਧਰ ਨੂੰ ਹੀ ਸਿੱਧੀਆਂ ਗੋਲੀਆਂ ਚਲਾਈਆਂ। ਸਰਕਾਰੀ ਅੰਕੜਿਆਂ ਅਨੁਸਾਰ 179 ਲੋਕ ਮਾਰੇ ਗਏ । ਪਰ ਮਰਨ ਵਾਲਿਆਂ ਦੀ ਗਿਣਤੀ 1200 ਦੇ ਕਰੀਬ ਸੀ, 1650 ਰਾਊਂਡ ਗੋਲੀਆਂ ਚਲਾਈਆਂ ਗਈਆਂ।ਲਾਸ਼ਾਂ ਦੀ ਸੰਭਾਲ ਅਤੇ ਜ਼ਖ਼ਮੀਆਂ ਦੀ ਮੱਲ੍ਹਮ ਪੱਟੀ ਦਾ ਪ੍ਰਸ਼ਾਸਨ ਵੱਲੋਂ ਕੋਈ ਪ੍ਰਬੰਧ ਨਹੀਂ ਕੀਤਾ ਗਿਆ ।ਉਨ੍ਹਾਂ ਦੇ ਸਕੇ ਸਬੰਧੀ ਵੀ ਕਰਫਿਊ ਕਾਰਨ ਉਨ੍ਹਾਂ ਕੋਲ ਨਹੀਂ ਆ ਸਕੇ।

# ਜਨਰਲ ਡਾਇਰ




ਬ੍ਰਿਗੇਡੀਅਰ-ਜਨਰਲ ਰੇਜੀਨਾਲਡ ਡਾਇਰ

ਜਨਰਲ ਡਾਇਰ ਦੁਆਰਾ ਗੋਲੀ ਚਲਾਉਣ ਦੀ ਭਿਆਨਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਕੰਧਾਂ ਟੱਪਦੇ ਲੋਕਾਂ ‘ਤੇ ਵੀ ਗੋਲੀਆਂ ਚਲਾਈਆਂ ।ਬਾਹਰ ਨਾਲ ਲੱਗਦੀਆਂ ਗਲੀਆਂ ਵਿੱਚ ਵੀ ਲਾਸ਼ਾਂ ਦੇਖੀਆਂ ਗਈਆਂ । ਜਨਰਲ ਡਾਇਰ ਨੇ ਗੋਲੀ ਜਾਣ ਬੁੱਝ ਕੇ ਚਲਾਈ ।ਇਸ ਦਾ ਪਤਾ ਉਸ ਦੁਆਰਾ ਹੰਟਰ ਕਮਿਸ਼ਨ ਅੱਗੇ ਦਿੱਤੇ ਬਿਆਨਾਂ ਤੋਂ ਵੀ ਪਤਾ ਲੱਗਦਾ ਹੈ।




**ਵਿਦਿਆਰਥੀਆਂ ਲਈ ਪ੍ਰੇਰਨਾ ਅਤੇ ਪ੍ਰਭਾਵ:- ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਦੀ ਯਾਦ ਵਿੱਚ ਸ਼ਹੀਦੀ ਯਾਦਗਾਰ ਬਣੀ ਹੋਈ ਹੈ ਜਿਸ ਵਿੱਚ ਸ਼ਹੀਦਾਂ ਦੀ ਯਾਦ ਵਿੱਚ ਅਮਰ ਜੋਤ ਜਗਦੀ ਹੈ।**



ਸ਼ਹੀਦੀ ਖੂਹ ਜਿਸ ਵਿੱਚੋਂ ਲਾਸ਼ਾਂ ਕੱਢੀਆਂ ਗਈਆਂ ਸਨ । ਗੋਲੀਆਂ ਦੇ ਨਿਸ਼ਾਨ ਅੱਜ ਵੀ ਸਾਂਭੇ ਹੋਏ ਹਨ, ਮਿਊਜ਼ੀਅਮ ਹੈ । ਵਿਦਿਆਰਥੀ ਜਦੋਂ ਵੀ ਅੰਮ੍ਰਿਤਸਰ ਜਾਣ, ਜਲ੍ਹਿਆਂ ਵਾਲਾ ਬਾਗ ਯਾਦਗਾਰ ਜ਼ਰੂਰ ਜਾਣ। ਜਦੋਂ ਜਲ੍ਹਿਆਂ ਵਾਲਾ ਬਾਗ਼ ਦਾ ਖ਼ੂਨੀ ਸਾਕਾ ਵਾਪਰਿਆ ਸੀ, ਉਸ ਸਮੇਂ ਊਧਮ ਸਿੰਘ ਨੇ ਇਹ ਸਾਰਾ ਦਿਸ਼੍ਰ ਆਪਣੀਆਂ ਅੱਖਾਂ ਨਾਲ ਦੇਖਿਆ ਸੀ ਅਤੇ ਉਸ ਸਮੇਂ ਇਸ ਦਾ ਬਦਲਾ ਲੈਣ ਦੀ ਸਹੁੰ ਖਾਧੀ ਸੀ । 21 ਸਾਲਾਂ ਬਾਅਦ ਲੰਡਨ ਵਿੱਚ 16 ਮਾਰਚ 1490 ਨੂੰ ਇੰਡੀਆ ਹਾਊਸ ਵਿੱਚ ਜਲਸਾ ਹੋ ਰਿਹਾ ਸੀ । ਇਸ ਸਟੇਜ ਤੇ ਜਦੋਂ ਸਰ ਮਾਈਕਲ ਅਡਵਾਇਰ ਬੋਲਣ ਲੱਗਾ ਤਾਂ ਪੰਜਾਬ ਦੀ ਧਰਤੀ ਦੇ ਵੀਰ ਸੂਰਬੀਰ ਊਧਮ ਸਿੰਘ ਨੇ ਤਿੰਨ ਗੋਲੀਆਂ ਮਾਰ ਕੇ 21 ਸਾਲ ਬਾਅਦ ਬੇਕਸੂਰੇ ਪੰਜਾਬੀਆਂ ਦੇ ਖ਼ੂਨ ਅਤੇ ਬੇਇੱਜ਼ਤੀ ਦਾ ਬਦਲਾ ਲਿਆ 31 ਜੁਲਾਈ 1940 ਵਿੱਚ ਸ੍ਰੀ ਊਧਮ ਸਿੰਘ ਉਰਫ਼ ਰਾਮ ਮੁਹੰਮਦ ਸਿੰਘ ਆਜ਼ਾਦ ਨੂੰ ਸਰ ਮਾਈਕਲ ਓਡਵਾਇਰ ਦੇ ਕਤਲ ਦੇ ਦੋਸ਼ ਵਿੱਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ ।




ਕਿਰਿਆਵਾਂ:- ਵਿਸ਼ਾ ਅਧਿਆਪਕ ਦੁਆਰਾ ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਨੂੰ ਜਲ੍ਹਿਆਂਵਾਲਾ ਬਾਗ ਸਾਕੇ ਬਾਰੇ ਵਿਸਥਾਰਿਤ ਜਾਣਕਾਰੀ ਦਿੱਤੀ ਜਾਵੇ। ਬੱਚਿਆਂ ਤੋਂ ਹੇਠ ਲਿਖੇ ਲੇਖ ਮੁਕਾਬਲੇ ਕਰਾਏ ਜਾ ਸਕਦੇ ਹਨ।

1. ਹਿੰਦੂ, ਮੁਸਲਿਮ, ਸਿੱਖ ਏਕਤਾ ਦਾ ਪ੍ਰਤੀਕ ਜੱਲ੍ਹਿਆਂਵਾਲਾ ਬਾਗ।

2. ਜਲ੍ਹਿਆਂਵਾਲੇ ਬਾਗ ਸਾਕੇ ਦੇ ਅੰਦੋਲਨ ਵਿੱਚ ਮਹੱਤਤਾ।

3. ਜਲ੍ਹਿਆਂਵਾਲਾ ਬਾਗ ਸਿਰਫ਼ ਸੈਰਗਾਹ ਨਹੀਂ, ਸਗੋਂ ਸੰਘਰਸ਼ ਦਾ ਪ੍ਰਤੀਕ।

4. ਸ਼ਹੀਦ ਊਧਮ ਸਿੰਘ।

- ਪੋਸਟਰ ਮੇਕਿੰਗ ਮੁਕਾਬਲੇ ਵਿੱਚ ਜਲ੍ਹਿਆਂਵਾਲੇ ਬਾਗ ਨਾਲ ਸੰਬੰਧਿਤ ਤਸਵੀਰਾਂ ਅਤੇ ਸ਼ਹੀਦ ਊਧਮ ਸਿੰਘ ਦੀ ਤਸਵੀਰ ਬਣਾਈ ਜਾ ਸਕਦੀ ਹੈ।
- ਭਾਸ਼ਣ ਮੁਕਾਬਲੇ ਵਿੱਚ ਸਮਾਂ 3 ਤੋਂ 5 ਮਿੰਟ ਰੱਖ ਕੇ ਜਲ੍ਹਿਆਂਵਾਲੇ ਬਾਗ ਦੇ ਖ਼ੂਨੀ ਸਾਕੇ ਬਾਰੇ ਭਾਸ਼ਣ ਮੁਕਾਬਲੇ ਕਰਾਏ ਜਾ ਸਕਦੇ ਹਨ।
- ਇਨਾਮ ਵਜੋਂ ਵਿਦਿਆਰਥੀਆਂ ਨੂੰ ਜਲ੍ਹਿਆਂਵਾਲੇ ਬਾਗ ਦੀ ਸ਼ਹੀਦੀ ਲਾਟ ਵਾਲੀ ਫੋਟੋ ਅਤੇ ਸਰਟੀਫਿਕੇਟ ਦਿੱਤੇ ਜਾ ਸਕਦੇ ਹਨ।